## ਰਵੀ ਕਾਂਤ ਵੱਲੋਂ ਸਿਰਸੇ ਵਾਲੇ ਅਖੌਤੀ ਸਾਧ ਤੋਂ ਵੀ ਵੱਡਾ ਨਾ ਬਖਸ਼ਣ ਯੋਗ ਗੁਨਾਹ-ਮਾਨ

ਫਤਿਹਗੜ੍ਹ ਸਾਹਿਬ, 24 ਜਨਵਰੀ (ਅ.ਬ.) ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਕਿੰਤੂ-ਪ੍ਰੰਤੂ ਕਰਨ ਵਾਲੇ ਸੰਘ ਪਰਿਵਾਰ ਦੇ ਡਾ. ਰਵੀ ਕਾਂਤ ਦੀਆਂ ਸਿੱਖ ਮਨਾਂ ਨੂੰ ਡੂੰਘੀ ਠੇਸ ਪਹੁੰਚਾਉਣ ਵਾਲੀਆਂ ਕਾਰਵਾਈਆਂ ਉੱਤੇ ਤਿੱਖਾਂ ਪ੍ਰਤੀਕਰਮ ਪ੍ਰਗਟ ਕਰਦੇ ਹੋਏ ਅੱਜ ਪਾਰਟੀ ਦੇ ਮੁੱਖ ਦਫ਼ਤਰ ਤੋਂ ਜਾਰੀ ਕੀਤੇ ਗਏ ਇਕ ਬਿਆਨ ਵਿੱਚ ਕਿਹਾ ਹੈ ਕਿ ਇਸ ਰਵੀ ਕਾਂਤ ਨੇ ਸਿਰਸੇ ਵਾਲੇ ਅਖੌਤੀ ਸਾਧ ਤੋਂ ਵੱਡਾ ਨਾ ਬਖਸ਼ਣ ਵਾਲਾ ਗੁਨਾਹ ਕਰਕੇ ਸਿੱਖ ਕੌਮ ਨੂੰ ਚਣੌਤੀ ਦਿੱਤੀਹੈ ਜਿਸਦੇ ਨਤੀਜੇ ਅਤਿ ਭਿਆਨਕ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਡਾ. ਰਵੀ ਕਾਂਤ ਅਜਿਹੀ ਬਿਆਨਬਾਜ਼ੀ ਕਰਦੇ ਹੋਏ, ਇਹ ਭੁੱਲ ਗਏ ਹਨ ਕਿ ਸਿੱਖ ਕੌਮ ਦਾ ਇਤਿਹਾਸ ਰਿਹਾਹੈ ਕਿ ਸਿੱਖ ਕੌਮ ਨੇ ਸਮੇਂ ਸਮੇਂ ਦੇ ਮਸੇ ਰੰਘੜ, ਅਹਿਮਦਸ਼ਾਹ ਅਬਦਾਲੀਆ ਦਾ ਕੀ ਹਸ਼ਰ ਕੀਤਾ ਹੈ। ਉਸ ਨੂੰ ਅਜਿਹੇ ਸਿੱਖ ਮਨਾਂ ਨੂੰ ਠੇਸ ਪਹੁੰਚਾਉਣ ਵਾਲੀ ਸ਼ਬਦਾਵਲੀ ਵਰਤਣ ਤੋਂ ਪਹਿਲੇ ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਸੁਖਾ ਸਿੰਘ, ਭਾਈ ਮਹਿਤਾਬ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ ਤੇ ਸਤੰਵਤ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਭਾਈ ਸੁਖਦੇਵ ਸਿੰਘ ਸੁਖਾ ਦੇ ਇਤਿਹਾਸ ਉੱਤੇ ਨਜਰ ਮਾਰ ਲੈਣੀ ਚਾਹੀਦੀ ਸੀ ਕਿ ਉਨ੍ਹਾਂ ਨੇ ਅਜਿਹੇ ਪੰਥ ਦੋਖੀਆਂ ਨੂੰ ਸਿੱਖ ਰਵਾਇਤਾਂ ਅਨੁਸਾਰ ਸਜਾਵਾਂ ਦੇ ਕੇ ਖਾਲਸਾ ਪੰਥ ਦੇ ਇਤਿਹਾਸ ਨੂੰ ਹਮੇਸ਼ਾ ਉੱਚਾ ਕਰਦੇ ਆਏ ਹਨ। ਉਨ੍ਹਾਂ ਡਾ. ਰਵੀ ਕਾਂਤ ਨੂੰ ਖਬਰਦਾਰ ਕਰਦੇ ਹੋਏ ਕਿਹਾ ਕਿ ਜਾਪਦਾ ਹੈ ਕਿ ਇਸ ਨੇ ਗੁਰੂ ਦੀ ਬਾਣੀ ਗੁਰੂ ਦੇ ਲੰਗਰ, ਸਿੱਖ ਕੌਮ ਦੇ ਸ਼ਹੀਦਾਂ ਅਤੇ ਮੁਸਲਿਮ ਕੌਮ ਨਾਲ ਸਬੰਧਤ ਪੀਰਾਂ, ਫਕੀਰਾਂ, ਭਗਤਾਂ ਉੱਤੇ ਕਿੰਤੂ ਪ੍ਰੰਤੂ ਕਰਕੇ ਆਪਣੇ ਜਿਉਣ ਦੀ ਇੱਛਾ ਨੂੰ ਖੁਦ ਹੀ ਘੱਟ ਕਰ ਲਿਆ ਹੈ ਕਿਉਂਕਿ ਅਜਿਹੇ ਸਿਰ ਫਿਰਿਆ ਨੂੰ ਸ਼ਬਕ ਸਿਖਾਉਣ ਲਈ ਉਹ ਅਕਾਲ ਪੁਰਖ ਖੁਦ ਹੀ ਕਿਸੇ ਸਿੰਘ ਦੀ ਸੇਵਾ ਲਾਉਂਦੇ ਆਏ ਹਨ ਤੇ ਸਿੱਖਾਂ ਉੱਤੇ ਬਖਸ਼ਿਸ਼ ਕਰਕੇ ਅਜਿਹੀ ਸੇਵਾ ਲੈਂਦੇ ਆਏ ਹਨ।

### ਦੁੱਖ ਦਾ ਪ੍ਰਗਟਾਵਾ

ਗਿੱਦੜਬਾਹਾ, 24 ਜਨਵਰੀ (ਰਾਜੀਵ)-ਸਥਾਨਿਕ ਸਤਿਸੰਗ ਸਭਾ ਦੇ ਸਾਬਕਾ ਪ੍ਰਧਾਨ ਕਿਸ਼ੋਰ ਚੰਦ ਕਟਾਰੀਆ ਦੇ ਪਿਤਾ ਰਾਮ ਲਾਲ ਕਟਾਰੀਆ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ 'ਤੇ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ।

## ਪੰਜਾਬ ਸਰਕਾਰ ਰਾਜ ਵਿੱਚ ਸਿੱਖਿਆ ਕਿੱਤਾ ਮੁਖੀ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ : ਸ਼ਰਮਾ

ਮੁਹਾਲੀ , 24 ਜਨਵਰੀ(ਵੀਨਾ ਰਾਜਪੂਤ) ਪੰਜਾਬ ਸਰਕਾਰ ਰਾਜ ਵਿੱਚ ਸਕੂਲਾਂ ਵਿੱਚ ਪੜਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਵਿਸੇਸ ਉਪਰਾਲੇ ਕਰ ਰਹੀ ਹੈ ਅਤੇ ਰਾਜ ਵਿੱਚ ਸਿੱਖਿਆ ਨੂੰ ਕਿੱਤਾ ਮੁਖੀ ਬਣਾਇਆ ਜਾ ਰਿਹਾ ਹੈ। ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ ਅਤੇ ਵਿਦਿਆ ਹਾਸਲ ਕਰਨ ਉਪਰੰਤ ਉਹ ਰੋਜਗਾਰ ਹਾਸਲ ਕਰ ਸਕਣ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੀ ਐਨ.ਕੇ. ਸ਼ਰਮਾ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਐਸ.ਏ.ਐਸ.ਨਗਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨੌਲੀ ਦੇ ਸਲਾਨਾ ਇਨਾਮ ਵੰਡ ਸਮਾਰੋਹ ਸਮੇਂ ਆਪਣੇ ਸੰਬੋਧਨ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਵਿਕਸਤ ਕਰਕੇ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਸਾਜੋ ਸਮਾਨ, ਫਰਨੀਚਰ, ਕਮਰਿਆਂ ਦੀ ਵਿਵਸਥਾ ਅਤੇ ਪੀਣ ਵਾਲੇ ਪਾਣੀ ਸਮੇਤ ਪਾਖਨਿਆ ਆਦਿ ਦਾ ਪ੍ਰਬੰਧ ਕਰ ਰਹੀ ਹੈ ਤਾਂ ਜੋ ਸਕੂਲਾਂ ਵਿੱਚ ਕਿਸੇ ਕਿਸਮ ਦੀ ਘਾਟ ਨਾ ਰਹੇ। ਉਨ੍ਹਾਂ ਇਸ ਮੌਕੇ ਸਕੂਲ ਦੇ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਅਤੇ ਪ੍ਰਾਇਮਰੀ ਸਕੂਲ ਦੀ ਇਮਾਰਤ ਲਈ 1 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ। ਸਮਾਗਮ ਦੀ ਪ੍ਰਧਾਨਗੀ ਡਾ. ਕਰਮ ਜੀਤ ਸਿੰਘ ਚਿੱਲਾ ਨੇ ਕੀਤੀ। ਉਨ੍ਹਾ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਜਿਥੇ ਸ੍ਰੀ ਐਨ.ਕੇ. ਸ਼ਰਮਾ ਦਾ ਸਕੂਲ ਨੂੰ ਗਰਾਂਟ ਦੇਣ ਬਦਲੇ ਧੰਨਵਾਦ ਕੀਤਾ ਉਥੇ ਉਨ੍ਹਾਂ ਕਿਹਾ ਕਿ ਇਸ ਸਕੂਲ ਦੇ ਮਿਹਨਤੀ ਸਟਾਫ ਸਦਕਾ ਵਿਦਿਆਰਥੀ ਵਿਦਿਆ ਦੇ ਖੇਤਰ ਅਤੇ ਖੇਡਾਂ ਦੇ ਖੇਤਰ ਵਿੱਚ ਹਰ ਸਾਲ ਮੱਲਾ ਮਾਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਪੜਾਈ ਵੱਲ ਵਿਸ਼ੇਸ ਤਵਜੋ ਦੇਣ ਲਈ ਕਿਹਾ। ਸਕੂਲ ਦੀ ਪ੍ਰਿੰਸੀਪਲ ਹਰਵਿੰਦਰ ਕੌਰ ਨੇ ਸਕੂਲ ਦੀ ਸਲਾਨਾ ਰਿਪੋਰਟ ਪੜਦਿਆ ਦੱਸਿਆ ਕਿ ਇਸ ਸਕੂਲ ਦੇ ਬੱਚਿਆਂ ਵੱਲੋਂ ਪਿਛਲੇ ਸਾਲ ਜਿਥੇ ਵਿਦਿਅਕ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਉਥੇ ਵਿਦਿਆਰਥੀਆਂ ਨੇ ਸਭਿਆਚਾਰਕ ਗਤੀ ਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਨਾਮਨਾ ਖੱਟਿਆ ਹੈ। ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਨਾਮਨਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਸ੍ਰੀ ਐਨ.ਕੇ. ਸ਼ਰਮਾ ਵੱਲੋ ਸਨਮਾਨਤ ਵੀ ਕੀਤਾ ਗਿਆ। ਪਿੰਡ ਦੁਰਾਲੀ ਦੇ ਸਮਾਜ ਸੇਵੀ ਮਹਿੰਦਰ ਸਿੰਘ ਨੇ ਸਕੂਲ ਨੂੰ 11 ਹਜ਼ਾਰ ਰੁਪਏ ਦੀ ਮਾਲੀ ਮਦਦ ਮੌਕੇ ਤੇ ਹੀ ਦਿੱਤੀ। ਇਸ ਮੌਕੇ ਪੀ.ਟੀ.ਏ ਦੇ ਪ੍ਰਧਾਨ ਦਰਬਾਰਾ ਸਿੰਘ ਤੋਂ ਇਲਾਵਾ ਬਲਾਕ ਸਮੰਤੀ ਮੈਂਬਰ ਅਵਤਾਰ ਸਿੰਘ, ਸਾਧੂ ਸਿੰਘ ਖਲੌਰ, ਵਿਕਰਮ ਜੀਤ ਸਿੰਘ ਗੀਗੇ ਮਾਜਰਾ, ਮੇਜਰ ਸਿੰਘ ਅਤੇ ਸ੍ਰੀ ਸ਼ਰਮਾ ਦੇ ਸਿਆਸੀ ਸਲਾਹਕਾਰ ਸ੍ਰੀ ਕ੍ਰਿਸ਼ਨ ਪਾਲ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ । ਸਲਾਨਾ ਇਨਾਮ ਵੰਡ ਸਮਾਰੋਹ ਮੌਕੇ ਸਕੂਲੀ ਬੱਚਿਆਂ ਵੱਲੋ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।



## ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਦੇ ਅਖਤਿਆਰ ਵਧਾਵਾਂਗੇ-ਸੇਖਵਾਂ

ਜਲੰਧਰ, 24 ਜਨਵਰੀ (ਹਰਪ੍ਰੀਤ ਸਿੰਘ ਲੇਹਿਲ) ਸ. ਸੇਵਾ ਸਿੰਘ ਸੇਖਵਾ ਸੂਚਨਾ ਦੇ ਲੋਕ ਸੰਪਰਕ ਸੈਨਿਕ ਸੇਵਾਵਾਂ, ਐਨ. ਆਰ. ਆਰ. ਮਾਮਲੇ ਮੰਤਰੀ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੱਤਰਕਾਰਾਂ ਨੂੰ ਜਾਰੀ ਕੀਤੇ ਜਾਣ ਵਾਲੇ ਸਨਾਖਤੀ ਕਾਰਡਾਂ ਦੀ ਪ੍ਰੀਕ੍ਰਿਆ ਨੂੰ ਸਰਲ ਬਣਾਉਣ ਲਈ ਸ਼ਕਤੀਆਂ ਦਾ ਵਿਕੇਂਦਰੀਕਰਨ ਕਰਕੇ ਕਾਰਡ ਬਣਾਉਣ ਦੀਆਂ ਪਾਵਰਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ ਨੂੰ ਦੇਣ ਲਈ ਵਿਚਾਰ ਕੀਤੀ ਜਾ ਰਹੀ ਹੈ ਤਾਂ ਜੋ ਪੱਤਰਕਾਰਾਂ ਨੂੰ ਸਨਾਖਤੀ ਕਾਰਡ ਜਲਦੀ ਸ਼ੁਰੂ ਕੀਤੇ ਜਾਣ ਸਕਣ ਅਤੇ ਕਾਰਡ ਬਣਾਉਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਸ. ਸੇਖਵਾਂ ਅੱਜ ਇੱਥੇ ਸਰਕਾਰੀ ਵਕੀਲਾਂ ਦੀ ਬਾਰ ਐਸੋ. ਜਲੰਧਰ ਦੇ ਦਫ਼ਤਰ ਵਿੱਚ ਸਰਕਾਰੀ ਵਕੀਲਾਂ ਦੇ ਸੂਬਾ ਪੱਧਰੀ ਸਮਾਗਮ ਵਿੱਚ ਹਿੱਲਾ ਲੈਣ ਆਏ ਸਨ। ਸ. ਸੇਖਵਾ ਨੇ ਪੰਜਾਬ ਅਟਾਰਨੀ ਐਸੋਸੀਏਸ਼ਨ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਦਾਲਤੀ ਕੇਸਾਂ ਦੇ ਸਰਕਾਰੀ ਪੱਖ ਦੀ ਪੈਰਵੀ ਕਰਨ ਦੀ ਨਿਭਾਈ ਜਾ ਰਹੀ ਮਹੱਤਵਪੂਰਨ ਭੂਮਿਕਾ ਨੂੰ ਧਿਆਨ ਵਿੱਚ ਰੱਖਦਿਆਂ ਅਟਾਰਨੀਜ ਦੀਆਂ ਮੰਗਾਂ ਤੇ ਸਰਕਾਰ ਵੱਲੋਂ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ।



ਕਸਬਾ ਮਜੀਠਾ ਵਿਖੇ ਸ ਸੁਖਬੀਰ ਸਿੰਘ ਬਾਦਲ ਦੇ ਆਉਣ ਦੇ ਸਬੰਧ ਵਿਚ ਰੱਖੀ ਮੀਟਿੰਗ ਉਪਰੰਤ ਗੱਲਬਾਤ ਕਰਦੇ ਹੋਏ ਸ ਸਲਵੰਤ ਸਿੰਘ ਸੇਠ ਤੇ ਜੋਧ ਸਿੰਘ ਸਮਰਾ ਉਨ੍ਹਾਂ ਨਾਲ ਹੋਰ। ਫੋਟੋ: ਸ਼ੁਭਾਸ ਮਜੀਠਾ

## ਪਿੰਡ ਅਜਾਇਬਵਾਲੀ ਦੇ ਵਿਕਾਸ ਕਾਰਜਾਂ ਲਈ 6 ਲੱਖ ਰੁਪੈ ਦੀ ਗ੍ਰਾਂਟ ਰਾਸ਼ੀ ਦੇ ਚੈੱਕ ਦਿੱਤੇ

ਮਜੀਠਾ, 24 ਜਨਵਰੀ (ਸ਼ਭਾਸ ਮਜੀਠਾ) ਸ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਤੇ ਸ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਦੀਆਂ ਵਿਕਾਸ ਤੇ ਲੋਕ ਪੱਖੀ ਨੀਤੀਆਂ ਸਦਕਾ ਜਿਥੇ ਪੰਜਾਬ ਵਿਕਾਸ ਦੀਆਂ ਲੀਹਾਂ ਤੇ ਚਲਦਾ ਨਜਰ ਆ ਰਿਹਾ ਹੈ, ਉਥੇ ਪੰਜਾਬ ਵਿਚੋਂ ਹਲਕਾ ਮਜੀਠਾ



ਵਿਕਾਸ ਕਾਰਜਾਂ ਵਿਚ ਸੂਬੇ ਭਰ ਵਿਚੋਂ ਨੰਬਰ ਇਕ ਤੇ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ ਬਿਕਰਮ ਸਿੰਘ ਮਜੀਠੀਆ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਅਜਾਇਬ ਵਾਲੀ ਦੇ ਗੁਰਦੁਆਰਾ ਸਾਹਿਬ ਵਿਖੇ ਸਰਪੰਚ ਜਗਦੀਸ਼ ਕੌਰ ਤੇ ਸਮੂਹ ਪੰਚਾਇਤ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ ਚੈੱਕ ਦੇਣ ਦੌਰਾਨ ਕੀਤਾ। ਇਸ ਮੌਕੇ ਸ ਮਜੀਠੀਆ ਨੇ ਕਿਹਾ ਕਿ ਪਿੰਡ ਅਜਾਇਬ ਵਾਲੀ ਨੂੰ ਪਹਿਲਾਂ ਵੀ ਪਿੰਡ ਦੇ ਵਿਕਾਸ ਲਈ ਕਰੀਬ 10 ਲੱਖ ਰੁਪੈ ਦੀ ਗ੍ਰਾਂਟ ਰਾਸ਼ੀ ਦਿੱਤੀ ਗਈ ਹੈ ਤੇ ਹੁਣ 6 ਲੱਖ ਰੁਪੈ ਦੀ ਗ੍ਰਾਂਟ ਰਾਸ਼ੀ ਦੇ ਚੈੱਕ ਪਿੰਡ ਦੇ ਵੱਖ ਵੱਖ ਵਿਕਾਸ ਕਾਰਜਾਂ ਲਈ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਗਰੀਬ ਲੋਕਾਂ ਲਈ 20 ਫਲੱਸਾ ਪਹਿਲਾਂ ਬਣ ਚੁੱਕੀਆਂ ਹਨ ਤੇ 30 ਫਲੱਸ਼ਾਂ ਲਈ ਹੋਰ ਗ੍ਰਾਂਟ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟ ਰਾਸ਼ੀ ਦੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜਿਸ ਤੇ ਵਿਕਾਸ ਪੱਖੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਅੰਤਰ ਕੱਢਣਾ ਮੁਸ਼ਕਿਲ ਹੋਵੇਗਾ।

ਇਸ ਮੌਕੇ ਸ ਮਜੀਠੀਆ ਦੇ ਨਾਲ ਸੰਤੋਖ ਸਿੰਘ ਸਮਰਾ ਮੈਂਬਰ ਸ਼੍ਰੋਮਣੀ ਕਮੇਟੀ, ਹਰਵਿੰਦਰ ਸਿੰਘ ਭੁੱਲਰ ਮੈਂਬਰ ਜਿਲਾ ਪ੍ਰੀਸ਼ਦ ਜਥੇ ਦਿਲਬਾਗ ਸਿੰਘ ਵਡਾਲੀ ਮੈਂਬਰ ਜਨਰਲ ਕੌਂਸਲ ਪੰਜਾਬ, ਚੇਅਰਮੈਨ ਰਜਿੰਦਰ ਕੁਮਾਰ ਪੱਪੂ, ਮੇਜਰ ਸ਼ਿਵ ਚਰਨ, ਸਰਵਨ ਸਿੰਘ ਧੁੰਨ, ਹਰਵਿੰਦਰ ਸਿੰਘ ਢਿਲੋਂ ਮੀਡੀਆ ਸਕੱਤਰ, ਤਲਬੀਰ ਸਿੰਘ ਗਿੱਲ, ਗਗਨਦੀਪ ਸਿੰਘ ਭਕਨਾ, ਰਕੇਸ਼ ਪਰਾਸ਼ਰ, ਐਮ ਡੀ ਹਰਭੁਪਿੰਦਰ ਸਿੰਘ ਸ਼ਾਹ, ਪ੍ਰਧਾਨ ਨਗਰ ਕੌਂਸਲ ਮਜੀਠਾ ਸਲਵੰਤ ਸਿੰਘ ਸੇਠ, ਐਡਵਿਨਪੋਲ, ਮਨਮੋਹਨ ਸਿੰਘ ਬੰਟੀ, ਜੀਤਬਚਨ ਸਿੰਘ, ਸਰਪੰਚ ਬਲਦੇਵ ਸਿੰਘ, ਅਵਤਾਰ ਸਿੰਘ ਫੌਜੀ, ਸਰਪੰਚ ਨਿਰਮਲ ਸਿੰਘ, ਹਰਚਰਨ ਸਿੰਘ, ਸਰਪੰਚ ਜਗਦੀਸ਼ ਕੌਰ, ਸੁਖਵਿੰਦਰ ਸਿੰਘ, ਪੰਚ ਕੁਲਦੀਪ ਸਿੰਘ, ਪੰਚ ਸਿਮਰਜੀਤ ਕੌਰ, ਪੰਚ ਕੁਲਵੰਤ ਸਿੰਘ, ਪੰਚ ਗਗਨਦੀਪ ਸਿੰਘ, ਸਨਦੀਪ ਸਿੰਘ ਬਿੱਟੂ, ਹਰਜਿੰਦਰ ਸਿੰਘ ਜੱਜ ਜਸਪਾਲ ਸਿੰਘ, ਸਵਿੰਦਰ ਸਿੰਘ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

## ਕਮਜ਼ੋਰ ਵਰਗਾਂ ਨੂੰ ਸਵੈ ਨਿਰਭਰ ਬਣਾਉਣ ਲਈ ਹੋਰ ਮੁਫ਼ਤ ਤਕਨੀਕੀ ਕੇਂਦਰ ਖੋਲੇ ਜਾਣਗੇ : ਪੁਰਖਾਲਵੀ

ਖਰੜ, 24 ਜਨਵਰੀ (ਪ.ਪ.)- "ਆਰਥਿਕ ਤੌਰ ਤੋ ਕਮਜ਼ੋਰ ਪਰਿਵਾਰਾਂ ਨੂੰ ਸਵੈ ਨਿਰਭਰ ਬਣਾਉਣ ਲਈ ਮੰਚ ਵੱਲੋਂ ਇਲਾਕੇ ਵਿੱਚ ਹੋਰ ਮੁਫ਼ਤ ਤਕਨੀਕੀ ਕੇਂਦਰ ਸਥਾਪਿਤ ਕੀਤੇ ਜਾਣਗੇ ਤਾਂ ਜੋ ਬੇਰੋਜਗਾਰ ਨੌਜਵਾਨਾਂ ਨੂੰ ਢੁਕਵੇਂ ਧੰਦੇ ਵਿੱਚ ਲਗਾ ਕੇ ਕਿਰਤੀਆਂ ਦੇ ਘਰਾਂ ਵਿੱਚ ਫੈਲੀ ਗੁਰਬਤ ਨੂੰ ਕਾਬੂ ਹੇਠ ਕੀਤਾ ਜਾ ਸਕੇ, ਇਹ ਐਲਾਨ ਉਘੀ ਸਮਾਜ ਸੇਵੀ ਜਥੇਬੰਦੀ ਦਲਿਤ ਚੇਤਨਾ ਮੰਚ ਦੇ ਸੂਬਾ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਨੇ ਸਥਾਨਕ ਕੌਂਸਲ ਦੀ ਹਦੂਦ ਵਿੱਚ ਪੈਂਦੇ ਪਿੰਡ ਫਤਿਹਉਲਾਪੁਰ ਵਿਖੇ ਵੱਡੀ ਗਿਣਤੀ ਵਿੱਚ ਜੁੜੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਇਲਾਕੇ ਦੇ ਬੇਵੱਸ ਅਤੇ ਆਵਾਜ਼ਾਰ ਪਰਿਵਾਰਾਂ ਦੇ ਸਕੂਲੀ ਬੱਚਿਆਂ ਨੂੰ ਸਰਦੀਆਂ ਤੋਂ ਬਚਾਓ ਲਈ ਮੰਚ ਵੱਲੋਂ ਸ਼ੁਰੂ ਕੀਤੀ ਜਰਸੀਆਂ ਵੰਡਣ ਦੀ ਮੁਹਿੰਮ ਤਹਿਤ ਇਲਾਕੇ ਦੇ 60 ਤੋਂ ਵਧੇਰੇ ਵਿਦਿਆਰਥੀਆਂ ਨੂੰ ਜਰਸੀਆਂ ਵੰਡਣ ਦੀ ਰਸਮ ਨਿਭਾਉਣ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਦਲਿਤ ਆਗੂ ਸ਼੍ਰੀ ਪੁਰਖਾਲਵੀ ਨੇ ਕਿਹਾ ਕਿ ਵਿੱਦਿਆ ਮਨੁੱਖ ਦਾ ਸੰਵਿਧਾਨਿਕ ਅਧਿਕਾਰ ਹੈ ਪ੍ਰੰਤੂ ਸਰਕਾਰਾਂ ਦੀ ਲਾਪ੍ਰਵਾਹੀ ਕਾਰਨ ਕਿਰਤੀਆਂ ਨੂੰ ਇਸ ਦੀ ਪ੍ਰਾਪਤੀ ਲਈ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਜ਼ਰੂਰਤਮਦ ਵਿਦਿਆਰਥੀਆਂ ਦੀ ਸਹਾਇਤਾ ਲਈ ਮੰਚ ਵੱਲੋਂ ਅਜਿਹੇ ਸਾਰਥਿਕ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ ਤਾਂ ਜੋ ਉਹ ਪੜ੍ਹਾਈ ਨਾਲੋਂ ਨਾ ਟੁੱਟ ਸਕਣ। ਸਮਾਜ ਦੇ ਨਿਘਾਰ ਲਈ ਜ਼ਿੰਮੇਵਾਰ ਵੱਖ ਵੱਖ ਸਿਆਸੀ ਪਾਰਟੀਆਂ ਨਾਲ ਸੰਬੰਧਿਤ ਅਖੌਤੀ ਦਲਿਤ ਆਗੂਆਂ ਤੇ ਵਰ੍ਹਦਿਆਂ ਸ਼੍ਰੀ ਪੁਰਖਾਲਵੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਨਿੱਜੀ ਸੌੜੇ ਹਿੱਤਾਂ ਦੀ ਪੂਰਤੀ ਖਾਤਰ ਸਮੁੱਚੇ ਦਲਿਤ ਸਮਾਜ ਦਾ ਰੱਜਵਾਂ ਘਾਣ ਕੀਤਾ ਹੈ, ਜਿਸ ਕਾਰਨ ਸੂਬੇ ਦੀ 40 ਪ੍ਰਤੀਸ਼ਤ ਦਲਿਤ ਆਬਾਦੀ ਆਪਣੇ ਹੀ ਰਾਜ ਵਿੱਚ ਜਾਤੀ ਘੋਰ ਵਿਤਕਰੇ ਦਾ ਸ਼ਿਕਾਰ ਹੋਣ ਦੇ ਨਾਲ ਨਾਲ ਜ਼ਿੰਦਗੀ ਦੀਆਂ ਬੁਨਿਆਦੀ ਸੁੱਖ ਸਹੂਲਤਾਂ ਦੀ ਆਸ ਵਿੱਚ ਵਿਲ੍ਹਕ ਰਹੀ ਹੈ। ਸ਼੍ਰੀ ਪੁਰਖਾਲਵੀ ਨੇ ਸਮਾਗਮ ਵਿੱਚ ਜੁੜੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੀਆਂ ਮਾਨਵ ਵਿਰੋਧੀ ਤਾਕਤਾਂ ਦੇ ਹੱਥਾਂ ਵਿੱਚ ਖੇਡਣ ਦੀ ਬਜਾਏ ਆਪਣੇ ਭਵਿੱਖ ਨੂੰ ਬਚਾਉਣ ਲਈ ਸਿਆਸੀ ਲਾਲਚਾਂ ਅਤੇ ਲਾਰਿਆਂ ਦੇ ਭਰਮ ਭੁਲੇਖਿਆਂ ਵਿੱਚ ਨਾ ਪੈਣ । ਮੰਚ ਦੇ ਜਿਲ੍ਹਾ ਆਗੂ ਬਲਜੀਤ ਸਿੰਘ ਮਦਵਾੜਾ ਨੇ ਇਸ ਮੌਕੇ ਦੱਸਿਆ ਕਿ ਮੰਚ ਵੱਲੋਂ ਪਿਛਲੇ 12 ਸਾਲਾਂ ਦੌਰਾਨ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਉਥਾਨ ਉਤੇ ਕਰੀਬ ਸਵਾ ਕਰੋੜ ਖਰਚੇ ਜਾ ਚੁੱਕੇ ਹਨ ਜਿਸ ਵਿੱਚ 7390 ਸਕੂਲੀ ਬੱਚਿਆਂ ਦੀ ਕੀਤੀ ਇਮਦਾਦ ਵੀ ਸ਼ਾਮਲ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੰਚ ਨਾਲ ਜੁੜ ਕੇ ਜਾਗ੍ਰਿਤ ਹੋਣ। ਮੰਚ ਦੀ ਮੀਡੀਆ ਇੰਚਾਰਜ਼ ਅਤੇ ਕੌਂਸਲਰ ਬਲਜੀਤ ਕੌਰ ਪੁਰਖਾਲਵੀ ਨੇ ਸਮਾਗਮ ਵਿੱਚ ਸ਼ਾਮਲ ਔਰਤਾਂ ਨੂੰ ਸੱਦਾ ਦਿੱਤਾ ਕਿ ਉਹ ਘਰੇਲੂ ਝਗੜਿਆਂ ਦੀਆਂ ਵਲਗਣਾਂ ਵਿੱਚੋਂ ਉਭਰ ਕੇ ਚੰਗੇਰੇ ਸਮਾਜ ਦੇ ਨਿਰਮਾਣ ਲਈ ਆਪਣਾ ਯੋਗਦਾਨ ਪਾਉਣ।

## ਸ ਬਾਦਲ ਦਾ ਮਜੀਠਾ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਜਾਵੇਗਾ , ਸੇਠ, ਸਮਰਾ

ਮਜੀਠਾ, 24 ਜਨਵਰੀ (ਸ਼ੁਭਾਸ ਮਜੀਠਾ) ਅੱਜ ਕਸਬਾ ਮਜੀਠਾ ਵਿਖੇ ਨਗਰ ਕੌਂਸਲ ਮਜੀਠਾ ਦੇ ਪ੍ਰਧਾਨ ਸ ਸਲਵੰਤ ਸਿੰਘ ਸੇਠ ਅਤੇ ਅਕਾਲੀ ਦਲ ਬਾਦਲ ਯੂਥ ਦੇ ਸੀਨੀਅਰ ਆਗੂ ਜੋਧ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਕਸਬਾ ਮਜੀਠਾ ਦੇ ਅਕਾਲੀ ਵਰਕਰਾਂ ਤੇ ਅਹੁਦੇਦਾਰਾਂ ਨੇ ਭਾਰੀ ਗਿਣਤੀ ਵਿਚ ਭਾਗ ਲਿਆ। ਮੀਟਿੰਗ ਉਪਰੰਤ ਸੇਠ ਅਤੇ ਸਮਰਾ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸ ਸੁਖਬੀਰ ਸਿੰਘ ਬਾਦਲ ਵਲੋਂ ਹਲਕਾ ਮਜੀਠਾ ਵਿਖੇ ਸਬ ਤਹਿਸੀਲ ਮਜੀਠਾ, 66 ਕੇ ਵੀ ਏ ਬਿਜਲੀ ਘਰ ਨਾਗ ਕਲਾਂ, 220 ਕੇ ਵੀ ਏ ਬਿਜਲੀ ਘਰ ਮਜੀਠਾ ਦਾ ਉਦਘਾਟਨ 26 ਜਨਵਰੀ ਨੂੰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਦਾ ਹਲਕਾ ਮਜੀਠਾ ਵਿਖੇ ਪਹੁੰਚਣ ਤੇ ਹਲਕਾ ਵਾਸੀਆਂ ਵਲੋਂ ਸ ਬਿਕਰਮ ਸਿੰਘ ਮਜੀਠੀਆ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਦੀ ਅਗਵਾਈ ਵਿਚ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਮੌਕੇ ਉਕਤ ਆਗੂਆਂ ਤੋਂ ਇਲਾਵਾ ਸੁਰਿੰਦਰਪਾਲ ਸਿੰਘ ਗੋਕਲ ਕੌਂਸਲਰ ਮਜੀਠਾ, ਰਕੇਸ਼ ਕੁਮਾਰ ਲਾਟੀ, ਹਰਪਾਲ ਸਿੰਘ, ਰਵਿੰਦਰ ਸਿੰਘ, ਬਲਜੀਤ ਸਿੰਘ, ਰਕੇਸ਼ ਕੁਮਾਰ ਨਈਅਰ, ਕਵਲਦੀਪ ਸਿੰਘ ਲਾਲੀ ਦਿਨੇਸ਼ ਕੁਮਾਰ ਚੋਪੜਾ, ਪ੍ਰਧਾਨ ਕੁਲਦੀਪ ਸਿੰਘ ਕਾਲੀਆ ਆਦਿ ਤੋਂ ਇਲਾਵਾ ਅਕਾਲੀ ਵਰਕਰ ਹਾਜ਼ਰ ਸਨ।

## ਪੰਚਾਇਤਾਂ ਨੂੰ ਫੰਡ ਜਾਰੀ ਕਰਨ ਦੀ ਮੁਹਿੰਮ ਦਾ ਅਗਾਜ਼ 26 ਨੂੰ-ਕਾਂਝਲਾ

ਮਹਿਲ ਕਲਾਂ, 24 ਜਨਵਰੀ (ਬਲਵਿੰਦਰ ਸਿੰਘ ਵਜੀਦਕੇ)-ਵਿਧਾਨ ਸਭਾ ਹਲਕਾ ਮਹਿਲ ਕਲਾਂ ਦੀ ਨੁਹਾਰ ਬਦਲਣ ਲਈ ਗਰਾਂਟਾਂ ਦੇ ਖੁੱਲ੍ਹੇ ਗੱਫੇ ਵਰਤਾਏ ਜਾ ਰਹੇ ਹਨ, ਜਿਸ ਦੀ ਸ਼ੁਰੂਆਤ ਅੱਜ 26 ਜਨਵਰੀ ਨੂੰ ਮਹਿਲ ਕਲਾਂ ਤੋਂ ਸਾਬਕਾ ਕੇਂਦਰੀ ਮੰਤਰੀ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਸਕੱਤਰ ਜਨਰਲ ਸ੍ਰ. ਸੁਖਦੇਵ ਸਿੰਘ ਢੀਂਡਸਾ ਕਰਨਗੇ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੇ ਰਾਸ਼ਟਰੀ ਮੀਤ ਪ੍ਰਧਾਨ, ਪ੍ਰਮੁੱਖ ਹਲਕਾ ਇੰਚਾਰਜ ਸ੍ਰ. ਗੋਬਿੰਦ ਸਿੰਘ ਕਾਂਝਲਾ ਨੇ ਪੱਤਰਕਾਰਾਂ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਪੰਚਾਇਤਾਂ ਨੂੰ ਫੰਡ ਜਾਰੀ ਕਰਨ ਦੀ ਮੁਹਿੰਮ ਦਾ ਅਗਾਜ਼ 26 ਜਨਵਰੀ ਨੂੰ ਇੱਕ ਵਜੇ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਕਸਬਾ ਮਹਿਲ ਕਲਾਂ ਦੀ ਪੰਚਾਇਤ ਨੂੰ ਦਸ ਲੱਖ ਰੁਪਏ ਦਾ ਚੈੱਕ ਭੇਟ ਕਰਕੇ ਪਾਰਟੀ ਦੇ ਕੌਮੀ ਸਕੱਤਰ ਜਨਰਲ ਸ੍ਰ. ਸੁਖਦੇਵ ਸਿੰਘ ਢੀਂਡਸਾ ਕਰਨਗੇ। ਇਸ ਮੌਕੇ ਉਹ ਇਲਾਕੇ ਦੀਆਂ ਪੰਚਾਇਤਾਂ ਦੀਆਂ ਮੁਸ਼ਕਿਲਾਂ ਨੂੰ ਵੀ ਸੁਣਨਗੇ। ਸ੍ਰ. ਕਾਂਝਲਾ ਨੇ ਦੱਸਿਆ ਕਿ ਇਸ ਉਪਰੰਤ ਸ੍ਰ. ਢੀਂਡਸਾ ਦੋ ਵਜੇ ਪਿੰਡ ਛਾਪਾ, ਤਿੰਨ ਵਜੇ ਸਹਿਜੜਾ ਅਤੇ ਚਾਰ ਵਜੇ ਪਿੰਡ ਵਜੀਦਕੇ ਕਲਾਂ ਵਿਖੇ ਵਿਕਾਸ ਕੰਮਾਂ ਲਈ ਗਰਾਂਟਾਂ ਦੇ ਚੈੱਕ ਨਗਰ ਪੰਚਾਇਤਾਂ ਨੂੰ ਭੇਟ ਕਰਨਗੇ। ਸ੍ਰ. ਕਾਂਝਲਾ ਨੇ ਦੱਸਿਆ ਕਿ ਹਲਕੇ ਦੀਆਂ ਸਮੂਹ ਪੰਚਾਇਤਾਂ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਪੜਾਅਵਾਰ ਗਰਾਂਟਾਂ ਦੇਣ ਤੋਂ ਇਲਾਵਾ ਹਲਕੇ ਦੇ ਯੂਥ ਕਲੱਬਾਂ ਅਤੇ ਔਰਤਾਂ ਦੀ ਭਲਾਈ ਲਈ ਵੀ ਫੰਡ ਜਾਰੀ ਕੀਤੇ ਜਾਣਗੇ। ਇਸ ਗੱਲਬਾਤ ਸਮੇਂ ਚੇਅਰਮੈਨ ਅਜੀਤ ਸਿੰਘ ਸੰਧੂ ਕੁਤਬਾ, ਯੂਥ ਅਕਾਲੀ ਦਲ ਦੇ ਕੌਮੀ ਜਥੇਬੰਦਕ ਸਕੱਤਰ ਸੁਖਵਿੰਦਰ ਸਿੰਘ ਸੁੱਖਾ, ਮੈਂਬਰ ਜ਼ਿਲ੍ਹਾ ਅਡਵਾਈਜ਼ਰੀ ਕਮੇਟੀ ਗੁਰਦੀਪ ਸਿੰਘ ਟਿਵਾਣਾ ਅਤੇ ਕਮਿੱਕਰ ਸਿੰਘ ਮਹਿਲ ਕਲਾਂ ਵੀ ਹਾਜ਼ਰ ਸਨ।

## ਕਿਸਾਨ ਯੂਨੀਅਨਾਂ ਨੇ ਮਿਲ ਕੇ ਦਿੱਤਾ ਡੀ. ਸੀ. ਦਫਤਰ ਅੱਗੇ ਧਰਨਾ

ਫਿਰੋਜ਼ਪੁਰ, 24 ਜਨਵਰੀ (ਜੀ.ਐਸ. ਕਾਲੜਾ)-ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ ਦੇ ਪ੍ਰਧਾਨ ਸੁਰਜੀਤ ਸਿੰਘ ਫੂਲ ਦੀ ਰਿਹਾਈ, ਖੰਨਾ-ਚਮਾਰਾ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਤੋਂ ਮੁਜ਼ਾਰਿਆਂ (ਕਿਸਾਨਾਂ) ਵਿਰੋਧੀ ਐਸ.ਜੀ.ਪੀ.ਸੀ. ਦੀ ਟਾਸਕ ਫੋਰਸ ਦੀ ਗੁੰਡਾਗਰਦੀ ਦੇ ਖਿਲਾਫ ਅਤੇ ਚੰਡੀਗੜ੍ਹ ਵਿਖੇ ਬਿਜਲੀ ਬੋਰਡ ਦੇ ਨਿੱਜੀਕਰਨ ਵਿਰੁੱਧ ਆਵਾਜ਼ ਉਠਾਉਣ ਵਾਲੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂਆਂ ਸਿਰ ਮੜ੍ਹੇ ਕੇਸ ਰੱਦ ਕਰਨ ਜ਼ਿੰਮੇਵਾਰ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਜ਼ਾਵਾਂ ਦੇਣ ਆਦਿ ਭਖਵੇਂ ਮੁੱਦਿਆਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਕਿਸਾਨ ਵਿਕਾਸ ਫਰੰਟ ਦੇ ਸਾਂਝੇ ਸੱਦੇ 'ਤੇ ਸੈਂਕੜੇ ਕਿਸਾਨਾਂ ਮਜ਼ਦੂਰਾਂ ਵੱਲੋਂ ਅੱਜ ਡੀ.ਸੀ. ਦਫਤਰ ਫਿਰੋਜ਼ਪੁਰ ਵਿਖੇ ਰੋਹ ਭਰਪੂਰ ਧਰਨਾ ਮੁਜ਼ਾਹਰਾ ਕੀਤਾ ਗਿਆ ਅਤੇ ਰੋਸ ਵਜੋਂ ਮੁੱਖ ਮਾਰਗ 'ਤੇ ਜਾਮ ਵੀ ਲਾਇਆ ਗਿਆ। ਇਸ ਮੌਕੇ 'ਤੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ ਦੇ ਸੂਬਾ ਜਨ. ਸਕੱਤਰ ਦਲਵਿੰਦਰ ਸਿੰਘ ਸ਼ੇਰ ਖਾਂ ਨੇ ਕਿਹਾ ਕਿ ਹਕੂਮਤੀ ਨੀਤੀਆਂ ਕਿਸਾਨ ਲੋਕ ਵਿਰੋਧੀ ਹਨ। ਜੇਕਰ ਇਸ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਤਾਂ ਹਕੂਮਤ, ਕੇਂਦਰ ਅਤੇ ਰਾਜ ਸਰਕਾਰਾਂ ਕਿਸਾਨ ਆਗੂਆਂ ਤੇ ਬੇ-ਬੁਨਿਆਦੀ ਦੋਸ਼ ਲਗਾ ਕੇ ਉਨ੍ਹਾਂ ਨੂੰ ਜੇਲ੍ਹ 'ਚ ਬੰਦ ਕਰਦੀਆਂ ਹਨ। ਇਸ ਨੀਤੀ ਤਹਿਤ ਹੀ ਮਕਬੂਲ ਕਿਸਾਨ ਆਗੂ ਸੁਰਜੀਤ ਸਿੰਘ ਫੂਲ ਨੂੰ ਗੈਰ-ਜਮਹੂਰੀ ਢੰਗ ਨਾਲ ਬਠਿੰਡਾ ਦੀ ਕਚਹਿਰੀ 'ਚੋਂ ਚੁੱਕਿਆ ਗਿਆ ਤੇ ਅਣ-ਮਨੁੱਖੀ ਤਸੀਹੇ ਢਾਹੇ ਗਏ। ਖੰਨਾ-ਚਮਾਰਾ ਕਾਂਡ ਚੰਡੀਗੜ੍ਹ 'ਚ ਲਾਠੀਚਾਰਜ ਇਹ ਸਭ ਕੁੱਝ ਕਿਸਾਨ-ਅੰਦੋਲਨ ਨੂੰ ਕੁਚਲਣ ਦੇ ਮਨਸੂਬਿਆਂ ਨਾਲ ਹੋ ਰਿਹਾ ਹੈ, ਪਰ ਹਕੂਮਤ ਦੇ ਇਹ ਮਨਸੂਬੇ ਕਦੇ ਵੀ ਪੂਰੇ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਜੇਕਰ ਹਕੂਮਤ ਆਪਣੀਆਂ ਨੀਤੀਆਂ ਨਹੀਂ ਬਦਲੇਗੀ ਤਾਂ ਕਿਸਾਨ ਸੰਘਰਸ਼ ਹੋਰ ਤੇਜ਼ ਹੋਣਗੇ। ਧਰਨੇ ਨੂੰ ਸੰਬੋਧਨ ਕਰਦੇ ਹੋਏ ਲੋਕ ਸੰਗਰਾਮ ਮੰਚ ਦੇ ਆਗੂ ਰਾਜੇਸ਼ ਮਲਹੋਤਰਾ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਜਮਹੂਰੀ ਢੰਗ ਨਾਲ ਵਿਰੋਧ ਕਰਦੇ ਲੋਕਾਂ 'ਚ ਜਬਰ ਕਰ ਰਹੀਆਂ ਹਨ। ਜਬਰ ਕਰਨ ਦੀ ਬਜਾਏ ਲੋਕ ਮਸਲਿਆਂ ਨੂੰ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੁਦਰਤੀ ਸ੍ਰੋਤਾਂ ਨਾਲ ਲਬਰੇਜ ਜੰਗਲੀ ਇਲਾਕੇ 'ਚ ਰਹਿ ਰਹੇ ਲੋਕ ਹੀ ਉਨ੍ਹਾਂ ਜੰਗਲਾਂ ਦੇ ਮਾਲਕ ਹਨ। ਸਾਮਰਾਜੀ ਨੀਤੀਆਂ ਦੇ ਤਹਿਤ ਹਕੂਮਤ ਵੱਲੋਂ ਉਨ੍ਹਾਂ ਕੁਦਰਤੀ ਸ੍ਰੋਤਾਂ ਲੋਹਾ, ਐਲੂਮੀਨੀਅਮ, ਮੈਗਨੀਜ, ਸੋਨਾ ਆਦਿ ਨੂੰ ਬਹੁ-ਕੌਮੀ ਕੰਪਨੀਆਂ ਹਵਾਲੇ ਕੀਤਾ ਜਾਣਾ ਹੈ। ਇਸ ਲਈ ਹੀ ਗਰੀਨ ਹੰਟ ਵਰਗੇ ਅਪ੍ਰੇਸ਼ਨ ਚਲਾਏ ਜਾ ਰਹੇ ਹਨ। ਹਕੂਮਤ ਵੱਲੋਂ ਦੇਸ਼ ਦੇ ਕਬਾਇਲੀਆਂ ਵਿਰੁੱਧ ਵਿੱਢੀ ਜੰਗ ਵਕੀਲ, ਕਲਾਕਾਰ ਇਸ ਸਰਕਾਰੀ ਫੈਸਲੇ ਦਾ ਵਿਰੋਧ ਕਰ ਰਹੇ ਹਨ। ਅਸਲ ਵਿੱਚ ਇਹ ਭਾਰਤੀ ਹਕੂਮਤ ਵੱਲੋਂ ਲੋਕਾਂ ਵਿਰੁੱਧ ਜੰਗ ਹੈ ਅਤੇ ਇਸ ਦਾ ਹੋਰ ਜ਼ੋਰਦਾਰ ਢੰਗ ਨਾਲ ਵਿਰੋਧ ਹੋਣਾ ਚਾਹੀਦਾ ਹੈ। ਇਸ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਕੱਸੋਆਣਾ, ਗੁਰਮੀਤ ਸਿੰਘ ਜੱਜ ਨੇ ਵੀ ਸੰਬੋਧਨ ਕੀਤਾ ਤੇ ਸੁਰਜੀਤ ਸਿੰਘ ਫੂਲ ਦੀ ਫੌਰੀ ਰਿਹਾਈ ਸਮੇਤ ਸਮੁੱਚੀਆਂ ਮੰਗਾਂ ਮੰਨਣ ਲਈ ਜ਼ੋਰ ਪਾਇਆ।

## ਇਨਸਾਨ ਨੂੰ ਸਮਾਜ ਵਿਚ ਚੰਗੇ ਕੰਮ ਕਰਨੇ ਚਾਹੀਦੇ ਹਨ-ਬੀਬੀ ਸੁਰਿੰਦਰ ਬਾਦਲ

ਮੁਹਾਲੀ/ਮੰਡੀ ਗੋਬਿੰਦਗੜ੍ਹ, 24 ਜਨਵਰੀ (ਵੀਨਾ ਰਾਜਪੂਤ/ਵਿਪਨ ਬਾਂਸਲ)-ਇਨਸਾਨ ਨੂੰ ਸਮਾਜ ਵਿਚ ਚੰਗੇ ਕੰਮ ਕਰਨੇ ਚਾਹੀਦੇ ਹਨ ਤਾਂ ਜੋਂ ਉਨ੍ਹਾਂ ਦੇ ਜਾਣ ਤੋਂ ਬਾਅਦ ਲੋਕ ਉਨ੍ਹਾਂ ਨੂੰ ਯਾਦ ਰਖਣ ਜਿਸ ਤਰ੍ਹਾਂ ਕਿ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਸ. ਰਾਮ ਰਾਜ ਸਿੰਘ ਨੇ ਆਪਣਾ ਸਾਰਾ ਦਾਮਨ ਸਾਫ਼ ਰਖਦੇ ਹੋਏ ਦੇਸ਼ ਅਤੇ ਕੌਮ ਦੀ ਸੇਵਾ ਕੀਤੀ ਅਤੇ ਆਪਣਾ ਸਾਰਾ ਪ੍ਰੀਵਾਰ ਲਾਇਕ ਅਤੇ ਹੋਣਹਾਰ ਬਣਾਇਆ। ਇਹ ਗੱਲ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ ਸਿੰਘ ਬਾਦਲ ਦੀ ਪਤਨੀ ਸਰਦਾਰਨੀ ਸੁਰਿੰਦਰ ਕੌਰ ਬਾਦਲ ਨੇ ਜ਼ਿਲ੍ਹਾ ਯੋਜਨਾ ਬੋਰਡ ਫਤਿਹਗੜ੍ਹ ਸਾਹਿਬ ਦੀ ਚੈਅਰਪਰਸਨ ਅਤੇ ਅਮਲੋਹ ਹਲਕੇ ਦੀ ਇੰਚਾਰਜ ਬੀਬੀ ਸਤਵਿੰਦਰ ਕੌਰ ਧਾਲੀਵਾਲ ਦੇ ਪਿਤਾ ਸ. ਰਾਮ ਰਾਜ ਸਿੰਘ ਦੇ ਅੱਜ ਮੁਹਾਲੀ ਦੇ ਫ਼ੇਜ 4 ਵਿਚ ਭੋਗ ਦੇ ਮੌਕੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਨੂੰ ਸੰਬੋਧਨ ਕਰਦਿਆ ਕਹੀ। ਉਨ੍ਹਾਂ ਬੀਬੀ ਸਤਵਿੰਦਰ ਕੌਰ ਧਾਲੀਵਾਲ, ਉਨ੍ਹਾਂ ਦੇ ਪੁੱਤਰ ਯੂਥ ਅਕਾਲੀ ਦਲ ਦੇ ਕੋਮੀ ਜਨਰਲ ਸਕੱਤਰ ਯਗਵਿੰਦਰ ਸਿੰਘ ਧਾਲੀਵਾਲ ਅਤੇ ਬਾਕੀ ਪ੍ਰੀਵਾਰ ਦੀ ਸਲਾਘਾ ਕੀਤੀ ਜਿਸ ਵਲੋਂ ਵੱਖ ਵੱਖ ਖੇਤਰ ਰਾਹੀ ਦੇਸ ਅਤੇ ਕੌਮ ਦੀ ਸੇਵਾ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੰਜਾਬ ਦੀ ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ ਸਿੰਘ ਬਾਦਲ ਦੇ ਸਲਾਹਕਾਰ ਸ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਬਲਵਿੰਦਰ ਸਿੰਘ ਭੂੰਦੜ, ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਰਣਧੀਰ ਸਿੰਘ ਭਾਂਬਰੀ, ਪੰਜਾਬ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੈਅਰਮੈਨ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਬੰਡੂਗਰ, ਪੰਜਾਬ ਵਿਕਾਸ ਬੋਰਡ ਦੇ ਚੈਅਰਮੈਨ ਸ. ਗੁਰਪ੍ਰੀਤ ਸਿੰਘ ਰਾਜੂ ਖੰਨਾ, ਲੋਕ ਸਭਾ ਮੈਂਬਰ ਮਹਿੰਦਰ ਕੌਰ ਜੋਸ, ਰਵਨੀਤ ਸਿੰਘ ਬਿੱਟੂ, ਵਿਧਾਇਕ ਦੀਦਾਰ ਸਿੰਘ ਭੱਟੀ, ਜਸਜੀਤ ਸਿੰਘ ਬੰਨੀ, ਜਗਜੀਵਨ ਸਿੰਘ ਖੀਰਨੀਆ, ਚਰਨਜੀਤ ਸਿੰਘ ਚੰਨਾ, ਸਾਬਕਾ ਮੰਤਰੀ ਰਣਧੀਰ ਸਿੰਘ ਚੀਮਾ, ਜਗਮੋਹਨ ਸਿੰਘ ਕੰਗ, ਜਗਦੀਸ ਸਿੰਘ ਗਰਚਾ, ਸਤਵੰਤ ਕੌਰ ਸੰਧੂ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਜਗਦੀਪ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੱਟੀ, ਜ਼ਿਲ੍ਹਾ ਅਕਾਲੀ ਜਥੇ ਦੇ ਸੀਨੀਅਰ ਮੀਤ ਪ੍ਰਧਾਨ ਸਤਵਿੰਦਰ ਸਿੰਘ ਵਿਰਕ ਬਦੀਨਪੁਰ, ਗੱਜਨ ਸਿੰਘ ਮਹਿਮੂਦਪੁਰ, ਜ਼ਿਲ੍ਹਾ ਜਨਰਲ ਸਕੱਤਰ ਸਵਰਨ ਸਿੰਘ ਬਿਲੂ, ਬਲਵਿੰਦਰ ਸਿੰਘ ਪੰਮਾ, ਸ਼ੇਰ ਸਿੰਘ ਮਛਰਾਈ, ਬਲਾਕ ਸੰਮਤੀ ਅਮਲੋਹ ਦੀ ਚੈਅਰਪਰਸਨ ਮਨਿੰਦਰ ਕੌਰ ਵਿਰਕ, ਮਾਰਕੀਟ ਕਮੇਟੀ ਚਨਾਰਥਲ ਦੇ ਚੈਅਰਮੈਨ ਜਥੇਦਾਰ ਸਵਰਨ ਸਿੰਘ, ਸਾਬਕਾ ਚੈਅਰਮੈਨ ਹਰਭਜਨ ਸਿੰਘ ਚਨਾਰਥਲ, ਵਾਈਸ ਚੈਅਰਮੈਨ ਸਰਬਜੀਤ ਸਿੰਘ ਸੁਹਾਗਹੇੜ੍ਹੀ, ਪਿੰਡ ਨਲੀਨੀ ਦੇ ਸਰਪੰਚ ਚਮਕੌਰ ਸਿੰਘ, ਸਰਕਲ ਮੂਲੈਪੁਰ ਦੇ ਪ੍ਰਧਾਨ ਜਥੇਦਾਰ ਕੁਲਵੰਤ ਸਿੰਘ ਖਰੌੜ੍ਹਾ, ਅਮਲੋਹ ਦੇ ਪ੍ਰਧਾਨ ਦਰਸ਼ਨ ਸਿੰਘ ਚੀਮਾ, ਕੁਲਦੀਪ ਸਿੰਘ ਪੋਲਾ, ਰਣਜੀਤ ਸਿੰਘ ਲਿਬੜਾ, ਨਗਰ ਕੋਂਸਲ ਖੰਨਾ ਦੇ ਪ੍ਰਧਾਨ ਇਕਬਾਲ ਸਿੰਘ, ਦਵਿੰਦਰ ਸਿੰਘ ਖੱਟੜਾ, ਰਾਜਬੀਰ ਸਿੰਘ ਪਡਿਆਲਾ, ਕਾਂਗਰਸ ਆਗੂ ਅਮਰਿੰਦਰ ਸਿੰਘ ਲਿਬੜਾ, ਬਲਵਿੰਦਰ ਸਿੰਘ ਲਾਲਾ ਫਤਿਹਪੁਰ ਜੱਟਾਂ, ਪਰਮਿੰਦਰ ਸਿੰਘ ਮਾਂਗਟ ਰਜਿੰਦਰ ਨਗਰ, ਜੋਗਿੰਦਰ ਸਿੰਘ ਸਲਾਣਾ ਆਦਿ ਨੇ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।



ਜ਼ਿਲ੍ਹਾ ਯੋਜਨਾ ਬੋਰਡ ਦੀ ਚੈਅਰਪਰਸਨ ਬੀਬੀ ਸਤਵਿੰਦਰ ਕੌਰ ਧਾਲੀਵਾਲ ਦੇ ਪਿਤਾ ਸ. ਰਾਮ ਰਾਜ ਸਿੰਘ ਦੇ ਭੋਗ ਮੌਕੇ ਪੰਡਾਲ ਵਿੱਚ ਬੈਠੀ ਸਰਦਾਰਨੀ ਸੁਰਿੰਦਰ ਕੌਰ ਬਾਦਲ, ਬੀਬੀ ਧਾਲੀਵਾਲ, ਰਣਧੀਰ ਸਿੰਘ ਭਾਂਬਰੀ ਅਤੇ ਹੋਰ।
ਤਸਵੀਰ: ਵਿਪਨ ਬਾਂਸਲ।

## ਮੌਤ ਦੀ ਖਬਰ ਨਾਲ ਸੋਗ ਦੀ ਲਹਿਰ

ਗਿੱਦੜਬਾਹਾ, 24 ਜਨਵਰੀ (ਰਾਜੀਵ)-ਸਥਾਨਿਕ ਪ੍ਰਸਿੱਧ ਡਾਕਟਰ ਸੱਤਪਾਲ ਜੈਨ ਦੀ ਅਚਾਨਕ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦਾ ਸਮਾਚਾਰ ਸੁਣਦੇ ਹੀ ਸ਼ਹਿਰ ਵਿੱਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦੀ ਉਮਰ ਤਕਰੀਬਨ 45 ਸਾਲ ਸੀ।


**ਉੱਤਰ ਰੇਲਵੇ**

**ਸ਼ੁੱਧੀ ਪੱਤਰ (ਪਹਿਲਾ)**

ਸਮਾਚਾਰ ਪੱਤਰਾ ਵਿੱਚ ਮਿਤੀ 06-01-2010 ਨੂੰ ਪ੍ਰਕਾਸ਼ਿਤ ਵੱਖ-ਵੱਖ ਗੱਡੀਆਂ ਵਿਚ 04 ਟਨ ਅਗਲੇ ਤੇ ਪਿਛਲੇ ਐਸ.ਐਲ.ਆਰ ਨੂੰ ਪੱਟੇ ਉੱਤੇ ਦੇਣ ਦੇ ਲਈ ਟੈਂਡਰਾਂ ਦੀ ਮੰਗ ਸੂਚਨਾ ਜੋ ਮਿਤੀ 27-01-2010 ਨੂੰ ਖੁੱਲ੍ਹਣੀ ਹੈ, ਦੇ ਸੰਦਰਭ ਵਿਚ ਹੇਠਾ ਲਿਖਿਆ ਸੰਸੋਧਨ ਕੀਤਾ ਗਿਆ ਹੈ। 1. ਗੱਡੀ ਨੰਬਰ 2708 ਹਜਰਤ ਨਿਜਾਮੂਦੀਨ ਤੋਂ ਤ੍ਰਿਪਤੀ ਦੇ ਪਿਛਲੇ ਐਸ.ਐਲ.ਆਰ. ਤੇ ਗੱਡੀ ਨੰਬਰ 2425 ਨਵੀਂ ਦਿੱਲੀ ਤੋਂ ਜੰਮੂ ਤਵੀ ਦੇ ਅਗਲੇ ਐਸ.ਐਲ.ਆਰ. ਦੀ ਟੈਂਡਰ ਵਾਪਸ ਲਿਤੀ ਜਾਂਦੀ ਹੈ। 2. ਉਪਰੋਕਤ ਗੱਡੀਆਂ ਦੇ ਇਲਾਵਾ ਹੋਰ ਗੱਡੀਆਂ ਦੀ ਟੈਂਡਰਾਂ, ਜੋ ਕਿ 27-01-2010 ਨੂੰ ਖੁੱਲ੍ਹਣੀ ਸੀ, ਉਨ੍ਹਾਂ ਦੀ ਮਿਤੀ ਅਗੇ ਵਧਾ ਦਿੱਤੀ ਗਈ ਹੈ ਅਤੇ ਹੁਣ ਉਹ ਟੈਂਡਰਾਂ ਮਿਤੀ 05-03-2010 ਨੂੰ 14.15 ਵਜੇ ਖੋਲ੍ਹੀ ਜਾਵੇਗੀ। ਟੈਂਡਰ ਸੂਚਨਾ ਦੀ ਹੋਰ ਜਾਣਕਾਰੀਆਂ, ਨਿਯਮ ਅਤੇ ਸ਼ਰਤਾਂ ਉਹੀ ਰਹਿਣਗੀਆਂ। ਜ਼ਿਆਦਾ ਜਾਣਕਾਰੀ ਦੇ ਲਈ ਵਰਿਸ਼ਠ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ ਸਟੇਟ ਏਂਟਰੀ ਰੋਡ, ਨਵੀਂ ਦਿੱਲੀ ਦੇ ਦਫ਼ਤਰ ਤੋਂ ਸੰਪਰਕ ਕਰੋ। No. CIID/SLR/Vetting/RP/2007 **624/2010**

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**


## ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


*ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।*

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ
RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com


## ਕਲਾਸੀਫਾਈਡ

### CHANGE OF NAME

**I, Gurinder Kaur** W/o Sh. Parmvir Singh Atwal R/o Near Gurudwara Takhatgarh Phillaur, Distt. Jalandhar, Declare That I have Changed my name Gurinder Kaur to Gurinder Kaur Atwal. After marriage. All Concerned Note.

**I, Kirpal Kaur** Alias Gurpal Kaur W/o Guru Sewek R/o Vill. Jala Kala, Teh. Phillaur, Distt. Jalandhar, PB. India I Known by Two names Kirpal Kaur Alias Gurpal Kaur is Same and One Person.

**I, Sukhu Ram** S/o Shiama Ram R/o V.P.O. Mahal, Teh. Phillaur, Distt. Jalandhar, PB. India have Changed my name from Sukhu Ram to Sukhdev Raj.

**I, Sarwan Singh Gill** S/o Rattan Singh R/o V.P.O. Landra, Teh. Phillaur, Distt. Jalandhar, PB. India have Changed my name from Sarwan Singh Gill to Sarwan Singh.

**I, Tara Devi** W/o Resham Lal R/o Mohalla Ravidaspura, Nakodar, Distt. Jalandhar have Changed my name from Tara Devi to Taro. All Please Note.

**I HARJINDER KAUR** W/O PARAMPAL SINGH R/O GORAYA DISTT JALANDHAR HAVE CHANGED MY NAME HARJINDER KAUR @MOHNI CONCERNED NOTE.

**I CHHINDO** W/O KASHMIRI LAL R/O ATTI, DISTT JALANDHAR HAVE CHANGED MY NAME CHHINDO TO CHHINDO @SURINDER KAUR.CONCERNED NOTE.

**I, Vashesh Kumar** S/o Late Pyare Lal Lumb R/o Ward No. 8, Banga Chowk Garhshankar, Distt. Hoshiarpur (Punjab) That General That Inform my father name has been Changed from Pyare Lal Lumb to Pyare Lal.

### ਨਾਮ ਦੀ ਬਦਲੀ

**ਮੈਂ ਗੁਰਵੀਰ ਸਿੰਘ** ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਲੋਹ ਕੇ ਕਲਾਂ, ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਗੁਰਵੀਰ ਸਿੰਘ ਤੋਂ ਬਦਲ ਕੇ ਗੁਰਵੀਰ ਸਿੰਘ ਪਨੂੰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

## ਬਹੁਪੱਖੀ ਸਖਸ਼ੀਅਤ ਦੇ ਮਾਲਕ ਅਤੇ ਸਾਹਿਤਕਾਰ ਡਾ. ਕ੍ਰਿਸ਼ਨ

ਅੱਜ ਦੇ ਪਦਾਰਥਵਾਦੀ ਮਾਹੌਲ ਅਤੇ ਸੁਆਰਥ ਭਿੱਜੇ ਸਮਾਜਿਕ ਤਾਣੇ-ਬਾਣੇ ਵਿੱਚ ਵੀ ਕੁਝ ਅਜਿਹੀਆਂ ਸਖਸ਼ੀਅਤਾਂ ਹਨ, ਜੋ ਮਨੁੱਖਤਾ ਦੇ ਭਲੇ, ਸਮਾਜਿਕ ਕਲਿਆਣ ਅਤੇ ਇਨਸਾਨੀਅਤ ਦੀ ਕਦਰ ਕਰਨਾ ਚਾਹੁੰਦੀਆਂ ਹਨ। ਅਜਿਹੀ ਸਖਸ਼ੀਅਤ ਦੇ ਮਾਲਕ ਡਾ. ਕ੍ਰਿਸ਼ਨ ਲਾਲ ਦਾ ਜਨਮ ਪਿਤਾ ਸ੍ਰੀ ਚਿਰੰਜੀ ਲਾਲ ਦੇ ਘਰ ਮਾਤਾ ਸ੍ਰੀਮਤੀ ਲੀਲਾ ਦੇਵੀ ਦੇ ਕੁੱਖੋਂ ਬੁਢਲਾਡਾ (ਮਾਨਸਾ) ਵਿਖੇ ਹੋਇਆ ਹੈ। ਇਨ੍ਹਾਂ ਨੇ ਪੀ.ਐਚ.ਡੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਹੈ। ਇਨ੍ਹਾਂ ਦਾ ਥੀਸਸ ਅਮਰੀਕਾ ਵਿੱਚੋਂ ਪਾਸ ਹੋ ਕੇ ਆਇਆ ਸੀ। ਇਹ ਬਤੌਰ ਲੈਕਚਰਾਰ ਰਾਜਨੀਤੀ ਸ਼ਾਸਤਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬੁਢਲਾਡਾ (ਮਾਨਸਾ) ਵਿਖੇ ਕੰਮ ਕਰ ਰਹੇ ਹਨ। ਇਹ ਉੱਚ ਸਿੱਖਿਆ ਪ੍ਰਾਪਤ ਸਫਲ ਕਹਾਣੀਕਾਰ, ਉੱਘੇ ਸਾਹਿਤਕਾਰ ਅਤੇ ਲੇਖਕ ਹਨ। ਇਨ੍ਹਾਂ ਨੇ ਲੇਖ ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪ ਚੁੱਕੇ ਹਨ। ਇਨ੍ਹਾਂ ਨੇ ਜਰਮਨ, ਜਪਾਨ, ਅਮਰੀਕਾ ਅਤੇ ਰੂਸ ਐਬੰਸੀ ਦੇ ਕਲਚਰ ਗਰੁੱਪ ਅਤੇ ਇੰਡੀਅਨ ਕਾਊਂਸਲ ਆਫ ਵਰਲਡ ਅਫੇਰਜ ਦੇ ਮੈਂਬਰ ਦੇ ਤੌਰ 'ਤੇ ਉੱਚ ਮਾਪ ਦੰਡ ਸਥਾਪਤ ਕੀਤੇ ਹਨ। ਇਹ ਵਾਤਾਵਰਣ ਦੀ ਸੰਭਾਲ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਲਗਾਤਾਰ ਸੰਘਰਸ਼ਸ਼ੀਲ ਹਨ। ਈਕੋ ਕਲੱਬ ਦੇ ਇੰਚਾਰਜ ਹੋਣ ਦੇ ਨਾਤੇ ਇਨ੍ਹਾਂ ਨੇ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਬੁਢਲਾਡਾ ਨੂੰ ਹਰਾ-ਭਰਾ ਬਣਾਉਣ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਪੌਦੇ ਲਗਵਾਏ। ਇਨ੍ਹਾਂ ਦੇ ਅਨੁਸਾਰ ਜਾਤੀ ਅਧਾਰਤ ਰਾਖਵਾਂਕਰਨ ਉਨ੍ਹਾਂ ਲੋਕਾਂ ਨਾਲ ਬੇ-ਇਨਸਾਫੀ ਹੈ। ਜਿਹੜੇ ਆਪਣੀ ਯੋਗਤਾ ਅਤੇ ਬਲ ਦੇ ਅਧਾਰ 'ਤੇ ਆਪਣੀ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਚਾਹੁੰਦੇ ਹਨ। ਇਨ੍ਹਾਂ ਦੇ ਵਿਚਾਰ ਅਨੁਸਾਰ ਜਾਤ ਅਧਾਰਤ ਰਾਖਵਾਂਕਰਨ ਬਿਲਕੁਲ ਖਤਮ ਹੋਣਾ ਚਾਹੀਦਾ ਹੈ। ਪ੍ਰਮਾਤਮਾ ਇਨ੍ਹਾਂ ਨੂੰ ਲੰਮੀ ਉਮਰ ਬਖਸ਼ੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਮਾਜ ਦੇ ਦੱਬੇ-ਕੁਚਲੇ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਦੁਆ ਸਕਣ, ਜਿਨ੍ਹਾਂ ਦੇ ਉਹ ਅਸਲੀ ਹੱਕਦਾਰ ਹਨ।

**ਦਵਿੰਦਰ ਸਿੰਘ ਕੋਹਲੀ, ਬੁਢਲਾਡਾ**